# ਗੁਰੂ ਲਾਧੋ ਰੇ

(ਰੌਸ਼ਨੀ ਹੋਣ ਤੇ ਨਾਟਕਕਾਰ ਦਰਸ਼ਕਾਂ ਸਾਹਮਣੇ ਆਉਂਦਾ ਹੈ)

ਨਾਟਕਕਾਰ : ਮੈਂ ਇਕ ਨਾਟਕਕਾਰ ਹਾਂ। ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਾਰੇ ਮੈਂ ਇਕ ਨਾਟਕ ਲਿਖਿਆ ਹੈ। ਇਸ ਨਾਟਕ ਨੂੰ ਖੇਡਣ ਤੋਂ ਪਹਿਲਾਂ ਹਾਲਾਂ ਮੈਂ ਵਿਚਾਰ ਹੀ ਕਰ ਰਿਹਾ ਸਾਂ, (ਪਿੱਠ ਭੂਮੀ ਤੋਂ ਆਵਾਜ਼)। (1) ਮੈਨੂੰ ਅੰਦਰ ਜਾਣ ਦਿਓ। (2) ਨਹੀਂ ਨਹੀਂ ਤੂੰ ਅੰਦਰ ਨਹੀਂ ਜਾ ਸਕਦਾ। (3) ਮੈਂ ਪ੍ਰੋਫੈਸਰ ਸਾਹਿਬ ਨੂੰ ਮਿਲਣਾ ਹੈ। ਤੁਸੀਂ ਮੈਨੂੰ ਨਹੀਂ ਰੋਕ ਸਕਦੇ।

*(ਕਹਿੰਦਾ ਹੋਇਆ ਇਕ ਪਾਗਲ ਆਦਮੀ ਸਟੇਜ 'ਤੇ ਆਉਂਦਾ ਹੈ)*

ਬਾਵਰਾ : ਤੂੰ ਹੀ ਏਂ, ਜੋ ਗੁਰੂ ਤੇਗ ਬਹਾਦਰ ਤੇ ਨਾਟਕ ਲਿਖ ਰਿਹਾ ਤੇ ਖੇਡ ਵੀ ਰਿਹਾ ਏਂ।

ਨਾਟਕਕਾਰ : ਹਾਂ ਬਈ ਮੈਂ ਹੀ ਹਾਂ।

ਬਾਵਰਾ : ਤੂੰ ਪਾਗਲ ਏਂ, ਜੋ ਗੁਰੂ ਤੇਗ ਬਹਾਦਰ ਤੇ ਨਾਟਕ ਖੇਡ ਰਿਹਾ ਏਂ।

ਨਾਟਕਕਾਰ : ਬਈ ਇਸ ਵਿਚ ਪਾਗਲਾਂ ਵਾਲੀ ਕਿਹੜੀ ਗੱਲ ਏ, ਜੇਕਰ ਉਸ ਗੁਰੂ ਦੇ ਸਿੱਖ ਉਸਦਾ ਸੁਨੇਹਾ ਸੁਣ ਲੈਣ ਤਾਂ ਹਰਜ਼ ਵੀ ਕੀ ਹੈ।

ਬਾਵਰਾ : ਗੁਰੂ ਦਾ ਸਿੱਖ (ਹੱਸਦਾ ਏ) ਇਥੇ ਕੋਈ ਗੁਰੂ ਦਾ ਸਿੱਖ ਨਹੀਂ, ਸਿਰਫ਼ ਠੱਗੀ ਕਰਦੇ ਨੇ ਤੂੰ ਸਿੱਖ ਭਾਲਦਾ ਏਂ।

ਨਾਟਕਕਾਰ : ਨਹੀਂ, ਬਈ, ਤੈਨੂੰ ਗਲਤੀ ਲੱਗੀ ਏ। ਏਥੇ ਬੜੇ ਚੰਗੇ ਲੋਕ ਨੇ। ਜਿਹੜੇ ਹੱਥੀਂ ਕਿਰਤ ਕਰਦੇ ਨੇ ਸਰਬੱਤ ਦਾ ਭਲਾ ਕਰਦੇ ਨੇ ਤੇ ਵੰਡ ਕੇ ਛਕਦੇ ਨੇ।

ਬਾਵਰਾ : ਪਾਖੰਡ ਕਰਦੇ ਨੇ।

ਨਾਟਕਕਾਰ : ਪਾਖੰਡ ਕਰਦੇ ਨੇ ?

ਬਾਵਰਾ : ਹਾਂ ਪਖੰਡ ਕਰਦੇ ਨੇ, ਇਹ ਸਭ ਕੁਝ ਉਹ ਆਪਣੀ ਸ਼ੁਹਰਤ ਵਾਸਤੇ ਕਰਦੇ ਨੇ। ਆਪਣਾ ਨਾਂ ਅਖ਼ਬਾਰਾਂ ਵਿਚ ਛਪਾਉਣ ਲਈ ਕਰਦੇ ਨੇ, ਫੋਟੋ ਛਪਾਉਣ ਲਈ ਕਰਦੇ ਨੇ।

ਨਾਟਕਕਾਰ : ਬਈ ਉਹ ਤਾਂ ਸਭ ਕੁਝ ਬੜੀ ਨਿਮਰਤਾ ਨਾਲ ਕਰਨਾ ਚਾਹੁੰਦੇ ਨੇ। ਪਰ ਲੋਕ ਐਵੇਂ ਗੱਲ ਚੁੱਕ ਲੈਂਦੇ ਨੇ।

ਬਾਵਰਾ : ਨਾ ਚੁੱਕਣ ਦੇਣ, ਰੋਜ਼ ਬਾਣੀ ਪੜ੍ਹਦੇ ਨੇ ਰੋਜ਼ ਕੀਰਤਨ ਸੁਣਦੇ ਨੇ ਕਿ ਮਾਧੋ ਮਨ ਕਾ ਮਾਨ ਤਿਆਗੋ। ਪਰ ਮਨ ਦਾ ਮਾਨ ਤਿਆਗਣ ਦੀ ਥਾਂ ਮਾਨ ਦੇ ਭੁੱਖੇ ਹੋ ਜਾਂਦੇ ਨੇ, ਪਰ ਕਿਉਂ ?

ਨਾਟਕਕਾਰ : ਬਈ ਜੇ ਮਨ ਦਾ ਮਾਨ ਤਿਆਗਣਾ ਆ ਜਾਵੇ ਤਾਂ ਬੰਦਾ ਉਸ ਪਦਵੀ ਤੇ ਨਾ ਪਹੁੰਚ ਜਾਵੇ, ਤੂੰ ਅੱਗੇ ਨੀਂ ਸੁਣਿਆ, ਜਨ ਨਾਨਕ ਇਹ ਖੇਲ ਕਠਿਨ ਹੈ।

ਬਾਵਰਾ : ਇਹ ਖੇਲ ਤਾਂ ਹੈ ਹੀ ਕਠਿਨ, ਪਰ ਘੱਟੋ ਘੱਟ ਇਸ ਨੂੰ ਖੇਡਣ ਦੀ ਕੋਸ਼ਿਸ਼ ਤਾਂ ਕਰਨ। ਉਹ ਸਰਦਾਰ ਜੀ ਬੈਠੇ ਨੇ, ਰੋਜ਼ ਬਾਣੀ ਸੁਣਦੇ ਨੇ, ਪਰ ਇਹਨਾਂ ਨੂੰ ਪੁੱਛੋ ਬਾਣੀ ਤੇ ਕਿੰਨਾ ਕੁ ਅਮਲ ਕਰਦੇ ਨੇ।

ਇਕ : (ਦਰਸ਼ਕਾਂ ਵਿਚੋਂ ਆਵਾਜ਼) ਨਾਟਕਕਾਰ, ਬੰਦ ਕਰਦੇ ਇਹ ਨਾਟਕ, ਅਸੀਂ ਇਥੇ ਨਾਟਕ ਵੇਖਣ ਆਏ ਆਂ, ਆਪਣੀ ਬੇਇਜ਼ਤੀ ਕਰਾਉਣ ਨਹੀਂ ਆਏ।

ਨਾਟਕਕਾਰ : ਕਿਉਂ ਸਰਦਾਰ ਸਾਹਿਬ, ਤੁਹਾਨੂੰ ਕੀ ਤਕਲੀਫ਼ ਹੋ ਗਈ ਏ। ਸੱਚੀ ਗੱਲ ਚੁਭੀ ਏ, ਦਰਦ ਹੋਇਆ ਏ। ਆਪ ਤੁਸੀਂ ਜੋ ਮਰਜ਼ੀ ਕਰਦੇ ਰਹੋ ਜੇ ਮੈਂ ਸੱਚੀ ਗੱਲ ਲੋਕ ਤਕ ਪਹੁੰਚਾਉਣ ਲੱਗਾ ਹਾਂ ਤਾਂ ਤੁਸੀਂ ਭੜਕ ਉਠੇ ਓਂ।

ਦਰਸ਼ਕ : ਕੋਈ ਨਾਟਕ ਕਰਨਾ ਏ ਤਾਂ ਚੰਗਾ ਨਾਟਕ ਕਰ, ਨਹੀਂ ਤੇ ਆਪਣਾ ਸਾਜ਼ ਸਮਾਨ ਚੁੱਕ ਕੇ ਤੁਰਦਾ ਬਣ, ਨਹੀਂ ਤੇ ਯਾਦ ਰੱਖ ਮੈਂਅੰਦਰ ਕਰਵਾ ਦਿਆਂਗਾ, ਬੜੀ ਪਹੁੰਚ ਐ ਮੇਰੀ ਸਰਕਾਰੇ-ਦਰਬਾਰੇ।

ਨਾਟਕਕਾਰ : ਸਰਦਾਰ ਸਾਹਿਬ, ਅੱਗੇ ਕਿਹੜਾ ਅਸੀਂ ਲੋਕ ਲੋਗ ਤਖ਼ਤੇ ਤਾਊਸ ਤੇ ਬੈਠੇ ਆਂ, ਜਿਹੜਾ ਥੱਲੇ ਲਾਹ ਦਿਓਗੇ। ਤੁਹਾਡਾ ਵੱਸ ਚੱਲੇ ਤਾਂ ਤੁਸੀਂ ਸਾਰਿਆਂ ਨੂੰ ਅੰਦਰ ਕਰਵਾ ਦਿਓ। ਮੈਂ ਤਾਂ ਨਾਟਕ ਕਰਾਂਗਾ, ਤਾਂ ਡੰਕੇ ਦੀ ਚੋਣ 'ਤੇ ਕਰਾਂਗਾ। ਤੁਸੀਂ ਮੇਰੇ ਅੰਦਰ ਹੋਣ ਦਾ ਬੰਦੋਬਸਤ ਕਰ ਦਿਓ।

*(ਦਰਸ਼ਕ ਬੁੜ ਬੁੜਾਉਂਦਾ ਹੋਇਆ ਬਾਹਰ ਚਲਾ ਜਾਂਦਾ ਹੈ)*

ਬਾਵਰਾ : ਕਿਉਂ ਹੈ ਕਿਸੇ ਔਰੰਗਜੇਬ ਨਾਲੋਂ ਘੱਟ ਇਹ, ਅਖੇ ਮੈਂ ਨਾਟਕ ਨਹੀਂ ਹੋਣ ਦਿਆਂਗਾ, ਵੱਡਾ ਨਾਢੂ ਖਾਂ।

ਨਾਟਕਕਾਰ : ਚਲਾ ਗਿਆ ਨਾ ਬਈ ਬੁੜਬੁੜਾਉਂਦਾ।

ਬਾਵਰਾ : ਮੈਂ ਈ ਭੇਜਿਆ।

ਨਾਟਕਕਾਰ : ਤੂੰ ਬੜਾ ਸ਼ਰਾਰਤੀ ਏ ਬਈ, ਚੰਗਾ ਭਲਾ ਮੇਰਾ ਨਾਟਕ ਤੁਰਨ ਲੱਗਾ ਸੀ, ਪਰ ਤੂੰ ਐਵੇਂ ਸਰਦਾਰ ਜੀ ਵਲ ਉਂਗਲ ਕਰਕੇ ਮੇਰੇ ਨਾਟਕ ਵਿਚ ਗੜਬੜ ਪਵਾਉਣ ਲੱਗਾ ਸੀ।

ਬਾਵਰਾ : ਮੈਂ ਨਾਟਕ 'ਚ ਗੜਬੜ ਨਹੀਂ ਪਵਾਉਂਦਾ।ਮੈਂ ਤਾਂ ਤੈਨੂੰ ਇਹ ਦਸਣ ਆਇਆਂ ਕਿ ਜ਼ਮਾਨੇ 'ਚ ਸੱਚ ਦੀ ਆਵਾਜ਼, ਨਿਗਾਰਖਾਨੇ 'ਚ ਤੂਤਣੀ ਦੀ ਆਵਾਜ਼ ਵਾਕਣ ਹੈ। ਉਂਝ ਤੂੰ ਵੀ ਆਪਣੀ ਤੂਤਣੀ ਵਜਾਈ ਜਾ ਤੇ ਸੁਣਾਈ ਜਾ, ਮੈਨੂੰ ਇਸ 'ਚ ਬੜੀ ਦਿਲਚਸਪੀ ਹੈ।

*(ਪਾਗਲ ਜਾਣ ਲੱਗਦਾ ਹੈ।)*

ਨਾਟਕਕਾਰ : ਪਰ ਤੂੰ ਚਲਿਆ ਕਿਥੇ ਐਂ ?

ਬਾਵਰਾ : ਜਿਥੇ ਮਰਜ਼ੀ ਜਾਵਾਂ ਤੈਨੂੰ ਕੀ ?

ਨਾਟਕਕਾਰ : ਗੱਲ ਅਸਲ ਇਹ ਹੈ ਕਿ ਮੇਰੇ ਨਾਟਕ ਵਿਚ ਇਕ ਕਮਲਾ ਜਿਹਾ ਵਿਅਕਤੀ ਏ ਤੇ ਮੈਂ ਸੋਚਿਆ ਏ ਕਿ ਉਹ ਪਾਤਰ ਮੈਂ ਤੇਰੇ ਕੋਲੋਂ ਕਰਾਵਾਂ।

ਬਾਵਰਾ : ਕਿਉਂ ਮੈਂ ਕੋਈ ਬਹੁਤਾ ਕਮਲਾ ਵਾਂ, ਹੋਰ ਕੋਈ ਨਹੀਂ ਦਿਖਾਈ ਨਹੀਂ ਦੇਂਦਾ, ਥੋੜੇ ਬੈਠੇ ਨੇ, ਜਿਹਨੂੰ ਮਰਜ਼ੀ ਬਣਾ ਲੈ, ਕਮਲਾ ਲੱਭਣਾ ਕੋਈ ਔਖਾ ਕੰਮ ਆਂ। ਹਾਂ ਸਿਆਣਾ ਲੱਭਣਾ ਜ਼ਰਾ ਔਖਾ ਵਾ। ਕਮਲੇ ਤੇ ਇੱਟ ਪੁੱਟੋ ਜਿੰਨੇ ਮਰਜ਼ੀ ਕੱਢ ਲਓ।

ਨਾਟਕਕਾਰ : ਬਈ ਗਲ ਅਸਲ ਵਿਚ ਇਹ ਹੈ ਕਿ ਤੇਰੇ 'ਚ ਨਾਟਕ ਕਰਨ ਦੀ ਪ੍ਰਤਿਭਾ ਏ।

ਬਾਵਰਾ : ਕੀ ਏ ?

ਨਾਟਕਕਾਰ : ਤੇਰੇ 'ਚ ਨਾਟਕ ਕਰਨ ਦੀ ਪ੍ਰਤਿਭਾ ਏ।

ਬਾਵਰਾ : ਤੈਨੂੰ ਮੇਰੀ ਵਹੁਟੀ ਦਾ ਨਾਂ ਕਿਹਨੇ ਦਸਿਆ, ਪ੍ਰਤਿਭਾ ਮੇਰੀ ਵਹੁਟੀ ਦਾ ਨਾਂ ਏ।

ਨਾਟਕਕਾਰ : ਇਹ ਪ੍ਰਤਿਭਾ ਦਾ ਮਤਲਬ ਏ ਲਿਆਕਤ, ਮੇਰਾ ਮਤਲਬ ਏ, ਤੇਰੇ ਵਿਚ ਨਾਟਕ ਕਰਨ ਦੀ ਲਿਆਕਤ ਏ।

ਬਾਵਰਾ : ਮੈਂ ਵੀ ਸੋਚਾਂ ਕਿ ਮੇਰੀ ਵਹੁਟੀ ਇਥੇ ਵੀ ਮੇਰਾ ਪਿੱਛਾ ਨਹੀਂ ਛੱਡਦੀ।

ਨਾਟਕਕਾਰ : ਲਗਦਾ ਏ ਕਿ ਤੂੰ ਆਪਣੀ ਵਹੁਟੀ ਤੋਂ ਬਹੁਤਾ ਤੰਗ ਏਂ

ਬਾਵਰਾ : ਵਿਆਹ ਤੋਂ ਚਾਰ ਪੰਜ ਸਾਲ ਬਾਅਦ ਸਾਰੇ ਹੀ ਆਪਣੀਆਂ ਵਹੁਟੀਆਂ ਤੋਂ ਤੰਗ ਆ ਜਾਂਦੇ ਨੇ, ਤੂੰ ਨਹੀਂ ਆਇਆ।ਆਇਆਂ ਲਗਦੈਂ।

ਨਾਟਕਕਾਰ : ਚੰਗਾ ਬਈ ਮੇਰੇ ਨਾਟਕ ਦੇ ਬਾਕੀ ਪਾਤਰ ਤਿਆਰ ਹੋ ਰਹੇ ਨੇ, ਤੂੰ ਵੀ ਨਾਟਕ ਦੀ ਤਿਆਰੀ ਕਰ।

ਬਾਵਰਾ : ਪਰ ਮੇਰੀ ਇਕ ਸ਼ਰਤ ਹੋਏਗੀ, ਵਾਰਤਾਲਾਪ ਮੈਂ ਆਪਣੀ ਮਰਜ਼ੀ ਦੇ ਬੋਲਾਂਗਾ।

ਨਾਟਕਕਾਰ : ਅੱਗੇ ਕਿਹੜਾ ਤੂੰ ਮੇਰੀ ਮਰਜ਼ੀ ਨਾਲ ਬੋਲਣ ਡਿਆ ਏਂ।

ਬਾਵਰਾ : ਪਰ ਉਹ ਸਰਦਾਰ ਜੀ ਤਾਂ ਉੱਠ ਕੇ ਚਲੇ ਗਏ ਨੇ, ਜਿਨ੍ਹਾਂ ਨੂੰ ਮੈਂ ਨਾਟਕ ਵਿਖਾਉਣਾ ਸੀ।

ਨਾਟਕਕਾਰ : ਚਲ ਜੇ ਉਹ ਚਲੇ ਗਏ ਨੇ ਤਾਂ ਹੋਰ ਥੌੜੇ ਬੈਠੇ ਨੇ।

ਬਾਵਰਾ : ਆਹੋ ਪ੍ਰੇਮ ਸਿੰਘ, ਤਰਸੇਮ ਸਿੰਘ, all one and the same thing.

ਨਾਟਕਕਾਰ : (ਦਰਸ਼ਕਾਂ ਨੂੰ) ਤੇ ਇਹ ਜਿਹੜਾ ਕਮਲਾ ਵਿਅਕਤੀ ਆਇਆ, ਮੈਨੂੰ ਤੇ ਤੁਹਾਨੂੰ ਵੀ ਇਕ ਚੁਣੌਤੀ ਦੇ ਗਿਆ, ਆਓ ਆਪਣੇ ਅੰਦਰ ਝਾਤੀ ਮਾਰੀਏ ਕਿ ਅਸੀਂ ਆਪਣੇ ਗੁਰੂ ਦੇ ਕਿੰਨੇ ਕੁ ਸਿੱਖ ਹਾਂ ? (ਬਦਲ ਕੇ) ਤੇ ਆਪਣਾ ਨਾਟਕ ਬਾਬਾ ਬਕਾਲਾ ਦੀ ਧਰਤੀ ਤੋਂ ਸ਼ੁਰੂ ਕਰਦਾ ਹਾਂ, ਮੇਰੇ ਅੱਠਵੇਂ ਗੁਰੂ ਵੱਡੀ ਮਾਤਾ ਦੇ ਹਮਲੇ ਨਾਲ ਦਿੱਲੀ ਇਥੇ ਜੋਤੀ ਜੋਤ ਸਮਾ ਗਏ। ਪਰ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸੰਗਤਾਂ ਦੇ ਇਹ ਸਵਾਲ ਦੇ ਜਵਾਬ, ਵਿਚ ਕਿ ਗੁਰੂ ਜੀ ਅਗਲਾ ਗੁਰੂ ਕੌਣ ਤੇ ਕਿਥੇ ਹੋਵੇਗਾ ? ਤਾਂ ਗੁਰੂ ਸਾਹਿਬ ਇੰਨਾ ਹੀ ਕਹਿ ਸਕੇ ਕਿ ਅਗਲਾ ਗੁਰੂ ਬਾਬਾ ਬਕਾਲਾ ? ਤੇ ਉਹਨਾਂ ਦੇ ਇਸ ਅਧੂਰੇ ਵਾਕ ਦਾ ਫਾਇਦਾ ਉਠਾ ਕੇ, ਵਕਤ ਦੇ ਸਾਰੇ ਠੱਗ ਬਾਬਾ ਬਕਾਲਾ ਦੀ ਧਰਤੀ 'ਤੇ ਇਕੱਠੇ ਹੋਣੇ ਸ਼ੁਰੂ ਹੋ ਗਏ, ਇਨਾਂ ਠੱਗ ਗੁਰੂਆਂ ਵਿਚੋਂ ਸੱਚਾ ਗੁਰੂ ਲੱਭਣਾ ਇਕ ਸਮੱਸਿਆ ਬਣ ਗਿਆ ਸੀ ਤੇ ਅੱਜ ਵੀ ਇਕ ਸਮੱਸਿਆ ਏ। ਕਿਉਂਕਿ ਸੱਚੇ ਗੁਰੂ ਬਿਨਾ ਤੇ ਸੱਚੇ ਆਗੂ ਬਿਨਾ ਸੌ ਸੂਰਜ ਦਾ ਚਾਨਣ ਹੁੰਦਿਆਂ ਹੋਇਆ ਵੀ ਹਨੇਰਾ ਹੈ।

*(ਪਿੱਠ ਭੂਮੀ 'ਤੇ ਆਵਾਜ਼ ਜੇ ਸੌ ਚੰਦ ਉਗਮੇ, ਸੂਰਜ ਚੜੇ ਹਜ਼ਾਰ॥ ਏਤੇ ਚਾਨਣ ਹੁੰਦਿਆਂ, ਗੁਰੂ ਬਿਨ ਘੋਰ ਅੰਧਾਰ॥)*

ਤੇ ਵੇਖੋ ਬਾਬਾ ਬਕਾਲਾ ਦੀ ਧਰਤੀ ਤੇ ਠੱਗ ਗੁਰੂ ਤੇ ਉਹਨਾਂ ਦੇ ਚੇਲਿਆਂ ਦਾ ਦ੍ਰਿਸ਼।

(1) ਠੱਗ : ਅੱਜ ਪਤਾ ਨਹੀਂ ਕਿਹੋ ਜਿਹਾ ਮਨਹੂਸ ਦਿਨ ਚੜਿਆ, ਸਵੇਰ ਦੀ ਅਸਾਮੀ ਕੋਈ ਨਹੀਂ ਫਸੀ, ਉਤੋਂ ਗੁਰੂ ਸਾਹਿਬ ਕਹਿੰਦੇ ਨੇ ਕਿ ਅਸਾਮੀ ਫਸਾ ਕੇ ਲਿਆਓ। ਆ ਗਈ ਆ ਗਈ ਏ। ਮਾਤਾ ਜੀ, ਆਜੋ, ਆਜੋ, ਏਸ ਤਰ੍ਹਾਂ ਕਰੋ। ਮੁੰਡੇ ਨੂੰ ਉਂਗਲ ਲਾ ਲਓ ਤੇ ਗੰਢ ਸਿਰ ਤੇ ਚੁੱਕ ਲਓ ਤੇ ਮੇਰੇ ਨੱਕ ਦੀ ਸੇਧ ਆ ਜਾਓ, ਜੇ ਸਾਡਾ ਨੱਕ ਨਹੀਂ ਦਿਸਦਾ ਤਾਂ ਆਪਣੇ ਨੱਕ ਦੀ ਸੇਧ ਆ ਜਾਓ। ਇਹ ਰਾਹ ਸਿੱਧਾ ਡੇਰੇ ਨੂੰ ਆਉਂਦਾ ਏ।

(2) ਠੱਗ : (ਆਉਂਦਾ ਹੈ) ਬਾਬਾ ਉਥੇ ਕਿਉਂ ਖੜੋ ਗਿਆ ਏਂ, ਅੱਗੇ ਆ ਜਾ ਮੈਂ ਤੇਰਾ ਭਾਰ ਹੌਲਾ ਕਰ ਦਉਂ। ਮੈਨੂੰ ਪਤਾ ਤੇਰੀ ਗੰਢ ਭਾਰੀ ਏ,

ਆ ਜਾ ਸ਼ਾਬਾਸ਼, ਡੇਰੇ 'ਤੇ ਆ ਕੇ ਸਾਹ ਲਈਂ, ਬੜਾ ਇੰਤਜ਼ਾਮ ਏ ਅਰਾਮ ਦਾ, ਆ ਗਏ ਆ ਗਏ,।

*(ਕਹਿੰਦਾ ਹੋਇਆ ਪਿਛੇ ਹਟਦਾ, ਦੂਜੇ ਨਾਲ ਟਕਰਾਉਂਦਾ ਹੈ।)*

ਇਕ : ਓਏ ਭਗਤਾ ਵੇਖ ਕੇ ਤੁਰ, ਦੀਹਦਾ ਨਹੀਂ।

ਦੋ : ਚਲ ਮੈਨੂੰ ਤਾਂ ਦੀਹਦਾ ਨਹੀਂ, ਪਰ ਤੇਰੀਆਂ ਅੱਖਾਂ ਘਾਹ ਚਰਨ ਗਈਆਂ ਨੇ ?

ਇਕ : ਮੇਰੀਆਂ ਅੱਖਾਂ ਤੇ ਮੇਰੇ ਗੁਰੂ ਕੋਲ ਨੇ।

ਦੋ : ਪਰ ਤੂੰ ਆਇਆਂ ਕਿਥੋਂ ਏ ?

ਇਕ : ਆਉਣਾ ਕਿਥੋਂ ਏ ? ਜਿਥੇ ਗੁਰੂ ਉਥੇ ਚੇਲਾ।

ਦੋ : ਪਰ ਤੁਹਾਡਾ ਡੇਰਾ ਕਿਸ ਤਰ੍ਹਾਂ ਚਲਦਾ ਏ ?

ਇਕ : ਮਤਲਬ ਕਿ ਕਾਰੋਬਾਰ ? ਸਾਡੇ ਗੁਰੂ ਕਹਿੰਦੇ ਨੇ।
ਰੋਟੀ ਖਾਓ ਸੱਕਰ ਨਾਲ, ਦੁਨੀਆਂ ਲੁੱਟੋ ਮੱਕਰ ਨਾਲ।

ਦੋ : ਬੜੇ ਪਹੁੰਚੇ ਹੋਏ ਗੁਰੂ ਨੇ

ਇਕ : ਲਗਦਾ ਤਾਂ ਤੂੰ ਵੀ ਕਿਸੇ ਪਹੁੰਚੇ ਗੁਰੂ ਦਾ ਚੇਲਾ ਹੀ ਏਂ।

ਦੋ : ਹਾਂ ਮੇਰੇ ਗੁਰੂ ਕਹਿੰਦੇ ਨੇ, ਰੋਟੀ ਖਾਓ ਦਾਲ ਨਾਲ, ਦੁਨੀਆਂ ਲੁੱਟੋ ਚਾਲ ਨਾਲ।

ਇਕ : ਲੈ ਤੇਰੇ ਗੁਰੂ ਤਾਂ ਮੇਰੇ ਗੁਰੂ ਨਾਲੋਂ ਵੀ ਪਹੁੰਚੇ ਹੋਏ ਨੇ, ਜਿਹੜੇ ਦਾਲ ਹੀ ਲੁੱਟੀ ਜਾਂਦੇ ਨੇ।

ਦੋ : ਪਹੁੰਚੇ ਹੋਏ ਤਾਂ ਹਨ। ਪਰ ਅੱਜ ਕੱਲ੍ਹ ਮੰਦਾ ਏ।

ਇਕ : ਲੈ ਅੱਜ ਕਲ ਤਾਂ ਕਮਾਈ ਦੇ ਦਿਨ ਨੇ, ਗੁਰੂ ਬਾਰੇ ਬੜਾ ਘੀਚ ਘਚੋਲਾ ਪਿਆ ਹੋਇਆ, ਜਿਹੜਾ ਦਾਅ ਮਾਰ ਗਿਆ ਉਹੀ ਖੱਟ ਗਿਆ

ਦੋ : ਪਰ ਦਾਅ ਮਾਰਨਾ ਈ ਬੜਾ ਮੁਸ਼ਕਲ ਏ, ਗੁਰੂ ਦੇ ਸਿੱਖ ਬੜੀਆਂ ਘੋਖਾਂ ਕਰਦੇ ਨੇ।

ਇਕ : ਉਹ ਪਏ ਘੋਖਾਂ ਕਰਨ। ਉਹ ਘੋਖਾਂ ਕਰਨ, ਤੁਸੀਂ ਜਵਾਬ ਦਈ ਜਾਓ। ਪਰ ਕਰੋ ਸਭ ਕੁਝ ਜ਼ਰਾ ਸਬਰ ਨਾਲ।

ਦੋ : ਹਾਂ ਕਾਹਲ ਨਹੀਂ ਕਰਨੀ ਚਾਹੀਦੀ। ਹੁਣ ਪਰਸੋਂ ਨਾਲ ਦੇ ਡੇਰੇ ਵਾਲਿਆਂ ਕਾਹਲ ਕੀਤੀ, ਦਿਨ ਦਿਹਾੜੇ ਜਵਾਨ ਜਹਾਨ ਤੀਵੀਂ ਨੂੰ ਹੱਥ ਪਾ ਲਿਆ, ਬਿਜ਼ਤੀ ਤਾਂ ਸਾਰਿਆਂ ਦੀ ਹੋ ਗਈ।

ਇਕ : ਐਵੇਂ ਕਾਹਲ ਕੀਤੀ, ਦੋ ਦਿਨ ਹੋਰ ਠਹਿਰ ਜਾਂਦੇ ਤਾਂ ਗੁਰੂ ਦੀ ਪੱਕੀ ਚੇਲੀ ਬਣ ਜਾਣੀ ਸੀ।

ਦੋ : ਚਲੋ ਛੱਡੋ ਇਹਨਾਂ ਗੱਲਾਂ ਨੂੰ। ਅਸੀਂ ਕੰਮ ਦੀ ਗੱਲ ਕਰ ਲਈਏ ਵੇਖ

ਨਾ, ਤੂੰ ਵੀ ਠੱਗ ਤੇ ਮੈਂ ਵੀ ਠੱਗ।

ਇਕ : ਇਹ ਕੰਮ ਦੀ ਗੱਲ ਏ ?

ਦੋ : ਹਾਲੇ ਗੱਲ ਸ਼ੁਰੂ ਹੋਈ ਏ, ਅੱਗੇ ਵੇਖ ਜਾਂਦੀ ਕਿਥੇ ਏ।

ਇਕ : ਨਹੀਂ-ਨਾ, ਤੂੰ ਠੱਗ ਏਂ ਤੇ ਨਾ ਮੈਂ ਠੱਗ, ਅਸੀਂ ਤੇ ਭਗਤ ਆਂ ਭਗਤ। ਭਗਤ ਜਗਤ ਕੋ ਠਗਤ ਹੈ, ਭਗਤਣ ਕੋ ਠਾਗੇ ਨਾ ਕੋਏ।

ਦੋ : ਚਲ ਬਈ ਭਾਵੇਂ ਭਗਤ ਕਹੋ ਭਾਵੇਂ ਠਗਤ, ਪਰ ਕੰਮ ਸਾਡਾ ਦੋਨਾਂ ਦਾ ਇਕੋ ਹੈ।

ਇਕ : ਸਾਰੀ ਦੁਨੀਆਂ ਨੂੰ ਠੱਗਣਾ

ਦੋ : ਦਿਨ ਦਿਹਾੜੇ

ਇਕ : ਇਸ ਕਰਕੇ ਸਾਨੂੰ ਆਪਣੇ ਕੰਮ ਦੇ ਨਿਯਮ ਬਣਾ ਲੈਣੇ ਚਾਹੀਦੇ ਹਨ। ਤਾਂ ਜੋ ਪਿਛੋਂ ਝਗੜਾ ਨਾ ਹੋਵੇ।

ਦੋ : ਹਾਂ ਝਗੜਾ ਨਹੀਂ ਹੋਣਾ ਚਾਹੀਦਾ।

ਇਕ : ਵੇਖ ਜਿਹੜੀ ਅਸਾਮੀ ਆਵੇ ਇਧਰੋਂ, ਉਹ ਸਾਡੀ ਤੇ ਜਿਹੜੀ ਆਵੇ ਉਧਰੋਂ, ਉਹ ਤੁਹਾਡੀ।

ਦੋ : ਜਿਹੜੀ ਆਵੇ ਵਿਚਕਾਰੋਂ ?

ਇਕ : ਉਹਨੂੰ ਛਕੋ ਵੰਡ ਕੇ।

ਦੋ : ਹਾਂ ਵੰਡ ਖਾਏ ਸੋ ਖੰਡ ਖਾਏ। ਇਕੱਲਾ ਖਾਏ ਸੋ ਗੰਦ ਖਾਏ। (ਬਾਵਰਾ ਸਟੇਜ 'ਤੇ ਆਉਂਦਾ ਹੈ)

ਬਾਵਰਾ : ਬੁੱਢੇ ਚੋਰ ਮਸੀਤੀਂ ਡੇਰੇ

ਇਕ : ਫੇਰ ਆ ਗਿਆ ਏਂ, ਤੂੰ ਬਾਜ਼ ਆ ਜਾ-ਨਹੀਂ ਤਾਂ ਅਸੀਂ ਤੇਰੀਆਂ ਲੱਤਾਂ ਤੋੜ ਦਿਆਂਗੇ।

ਦੋ : ਫੇਰ ਨਾ ਕਹੀਂ ਕਿ ਲੱਤ ਤੋੜ ਕੇ ਹੱਥ ਵਿਚ ਫੜਾ ਦਿੱਤੀ ਏ।

ਬਾਵਰਾ : ਤੁਸੀਂ ਆਪਣੀਆਂ ਲੱਤਾਂ ਸਾਂਭੋ।

*(ਉਹ ਉਹਨੂੰ ਮਾਰਨ ਲਈ ਵਧਦੇ ਹਨ। ਬਾਵਰਾ ਪਿਛੇ ਹੋ ਜਾਂਦਾ ਹੈ, ਉਹ ਖਿੰਡਦੇ ਖਿੰਡਦੇ ਬਾਹਰ ਚਲੇ ਜਾਂਦੇ ਹਨ। ਬਾਵਰਾ ਪਿਛੋਂ ਚੋਰ ਕਹਿ ਕੇ ਛੇੜਦਾ ਹੈ ਤੇ ਹੱਸਦਾ ਹੈ। ਇਕ ਬਾਬਾ ਦੂਜੇ ਪਾਸੇ ਤੋਂ ਮੰਚ ਤੇ ਆਉਂਦਾ ਹੈ)*

ਬਾਬਾ : (ਇੱਧਰ ਉਧਰ ਵੇਖ ਕੇ) ਕਿਉਂ ਭਗਤਾ, ਬਾਬਾ ਬਕਾਲਾ ਦੀ ਧਰਤੀ ਇਹੋ ਹੀ ਹੈ।

ਬਾਵਰਾ : ਇਹੋ ਹੀ ਹੈ, ਬਾਬਾ ਜੀ, ਗੁਰੂ ਲੱਭਣ ਆਏ ਹੋ ?

ਬਾਬਾ : ਹਾਂ ਭਗਤਾ ਮੈਂ ਆਪਣਾ ਸੱਚਾ ਗੁਰੂ ਨਾਵਾਂ ਨਾਨਕ ਲੱਭਣ ਆਇਆਂ।

ਬਾਵਰਾ : ਇਥੇ ਤਾਂ ਬੜੀਆਂ ਕਿਸਮਾਂ ਦੇ ਗੁਰੂ ਨੇ, ਕਿਵੇਂ ਲੱਭੋਗੇ ?

ਬਾਬਾ : ਬੜੀਆਂ ਕਿਸਮਾਂ ਦੇ ਗੁਰੂ ਨੇ ?

ਬਾਵਰਾ : ਹਾਂ ਇਥੇ ਇਕ ਗੁਰੂ ਹੈ, ਉਹ ਜੋ ਕਹਿੰਦਾ ਹੈ ਕਿ ਮਾਇਆ ਨਾਗਣੀ ਹੈ। ਇਹਦੇ ਤੋਂ ਬਚੋ, ਪਰ ਆਪ ਉਹ ਸੋਨੇ ਦੀ ਪੀੜ੍ਹੀ 'ਤੇ ਬੈਠਦਾ ਏ, ਕਿਧਰੇ ਉਹ ਤਾਂ ਗੁਰੂ ਨਹੀਂ ਤੁਹਾਡਾ ?

ਬਾਬਾ : ਲੋਕਾਂ ਨੂੰ ਕਹਿੰਦਾ ਏ ਕਿ ਮਾਇਆ ਤੋਂ ਬਚੋ, ਆਪ ਪੀੜ੍ਹੇ 'ਤੇ ਬੈਠਦੈ, ਨਹੀਂ ਮੇਰਾ ਗੁਰੂ ਉਹ ਨਹੀਂ।

ਬਾਵਰਾ : ਇਥੇ ਇਕ ਹੋਰ ਗੁਰੂ ਹੈ। ਜੋ ਕਹਿੰਦਾ ਹੈ ਕਿ ਸਾਦਾ ਰਹੋ ਪਰ ਆਪ ਰੇਸ਼ਮੀ ਰਜਾਈਆ ਵਿਚ ਸੌਂਦਾ ਹੈ। ਕਿਧਰੇ ਉਹ ਤਾਂ ਤੇਰਾ ਗੁਰੂ ਨਹੀਂ ?

ਬਾਬਾ : ਨਹੀਂ, ਉਹ ਮੇਰਾ ਗੁਰੂ ਨਹੀਂ, ਮੇਰਾ ਗੁਰੂ ਉਹ ਹੈ ਜੋ ਕਹਿੰਦਾ ਹੈ, ਪਹਿਲੇ ਆਪ ਕਰਦਾ ਹੈ। ਇਹ ਕੋਈ ਪਾਖੰਡੀ ਹੋਣਾ ਏ।

ਬਾਵਰਾ : ਇਥੇ ਇਕ ਗੁਰੂ ਉਹ ਹੈ ਜੋ ਕਹਿੰਦਾ ਹੈ ਕਿ ਨਸ਼ੇ ਤੋਂ ਪ੍ਰਹੇਜ਼ ਕਰੋ। ਪਰ ਆਪ ਨਸ਼ੇ ਵਿਚ ਗੁੱਟ ਰਹਿੰਦਾ ਹੈ, ਤੇ ਉਹਦੇ ਚੇਲੇ ਪਤਾ ਕੀ ਕਹਿੰਦੇ ਨੇ ਕਿ ਗੁਰੂ ਜੀ ਨੂੰ ਨਾਮ ਬੁਖਾਰੀ ਚੜ੍ਹੀ ਹੋਈ ਏ, ਕਿਧਰੇ ਉਹ ਤਾਂ ਤੇਰਾ ਗੁਰੂ ਨਹੀਂ ?

ਬਾਬਾ : ਇਹ ਸਾਰੇ ਪਾਖੰਡੀ ਠੱਗ ਇਥੇ ਕਿਵੇਂ ਇਕੱਠੇ ਹੋ ਗਏ ਨੇ ?

ਬਾਵਰਾ : ਉਹ ਤਾਂ ਹੋ ਈ ਗਏ ਨੇ।

ਬਾਬਾ : ਮੈਂ ਗੁਰੂ ਦੀ ਬਾਣੀ ਪੜੀ ਏ, ਤੂੰ ਜਾ ਮੈਂ, ਆਪਣਾ ਗੁਰੂ ਲੱਭ ਲਵਾਂਗਾ,

ਬਾਵਰਾ : ਲੱਭ ਲਈਂ, ਲੱਭ ਲਈਂ। (ਜਾਣ ਲਈ ਵਾਪਸ ਮੁੜਦਾ ਹੈ)

ਬਾਬਾ : ਹੱਦ ਹੋ ਗਈ ਏ।

ਬਾਵਰਾ : (ਜਾਂਦਾ ਹੋਇਆ) ਹੱਦ ਕਾਹਦੀ ਹੋ ਗਈ ਏ ?

*(ਬਾਬਾ ਸਟੇਜ 'ਤੇ ਖੜਾ ਹੈ। ਦੂਜੇ ਪਾਸੇ ਤੋਂ ਠੱਗ ਆਉਂਦਾ ਹੈ। ਦੋਨੋਂ ਇਕ ਦੂਜੇ ਨੂੰ ਉਤੇ ਥੱਲੇ ਵੇਖਦੇ ਹਨ।)*

ਇਕ : ਬਾਬਾ ਜੀ ਦੇ ਦਰਸ਼ਨਾਂ ਨੂੰ ਆਏ ਓ ?

ਬਾਬਾ : ਹਾਂ ਭਗਤਾ ਗੁਰੂ ਦੇ ਦਰਸ਼ਨਾਂ ਨੂੰ ਆਇਆ ਸਾਂ, ਪਰ ਇਥੇ ਆ ਕੇ ਪਤਾ ਲਗਾ ਕਿ ਦਰਸ਼ਨ ਨਹੀਂ ਹੋਣਗੇ।

ਇਕ : ਕਿਉਂ ?

ਬਾਬਾ : ਕਹਿੰਦੇ ਨੇ ਸੱਚਾ ਗੁਰੂ ਲੱਭਦਾ ਨਹੀਂ, ਝੂਠੇ ਬੜੇ ਇਕੱਠੇ ਹੋ ਗਏ।

ਇਕ : ਤੁਸੀਂ ਮੇਰੇ ਨਾਲ ਚੱਲੋ, ਮੈਂ ਤੁਹਾਨੂੰ ਸੱਚੇ ਗੁਰੂ ਦੇ ਦਰਸ਼ਨ ਕਰਵਾਵਾਂਗਾ

ਬਾਬਾ : ਪਰ ਤੂੰ ਹੈਂ ਕੌਣ ?

ਇਕ : ਮੈਂ ਸੇਵਕ ਹਾਂ।

ਬਾਬਾ : ਸੇਵਕ ?

ਇਕ : ਹਾਂ ਮੈਂ ਭੁੱਲੀ ਭਟਕੀ ਸੰਗਤ ਨੂੰ ਗੁਰੂ ਦੇ ਦਰਸ਼ਨ ਕਰਾਉਣ ਦੀ ਸੇਵਾ ਕਰਦਾ ਹਾਂ, ਮੈਂ ਵਿਚੋਲਾ ਹਾਂ।

ਬਾਬਾ : ਵਿਚੋਲਾ ਤਾਂ ਚਾਹੀਦਾ ਹੈ, ਜੇ ਕਿਸੇ ਨੇ ਮੱਝ ਵੇਚਣੀ ਹੋਵੇ, ਧੀ ਪੁੱਤ ਦਾ ਸਾਕ ਕਰਾਉਂਦਾ ਹੋਵੇ। ਗੁਰੂ ਤੇ ਸੰਗਤ ਵਿਚ ਵਿਚੋਲੇ ਦੀ ਕੀ ਲੋੜ ਏ। ਗੁਰੂ ਸੰਗਤ ਤੇ ਸੰਗਤ ਗੁਰੂ ਹੈ।

ਇਕ : ਤੁਸੀਂ ਤਾਂ ਬਾਬਾ ਜੀ ਐਵੇਂ ਹੀ ਬੜੇ ਲੰਬੇ ਚੌੜੇ ਚੱਕਰਾਂ ਵਿਚ ਪੈ ਗਏ ਓ। ਮੇਰਾ ਤਾਂ ਗੁਰੂ ਜੀ ਨੇ ਜ਼ਿੰਮਾ ਲਾਇਆ ਏ ਕਿ ਗੁਰੂ ਜੀ ਦਾ ਸੁਨੇਹਾ ਸੰਗਤ ਤਕ ਪੁਚਾਵਾਂ ਤੇ ਸਾਧ ਸੰਗਤ ਦੀ ਭੇਟਾ ਗੁਰੂ ਤਕ ਪੁਚਾਵਾਂ, ਏਸ ਗੰਢ ਵਿਚ ਕੀ ਏ ?

ਬਾਬਾ : ਕਿਉਂ ਤੂੰ ਇਸ ਗੰਢ ਵਿਚੋਂ ਕੁਝ ਕੱਢਣਾ ਹੈ ?

ਇਕ : ਨਹੀਂ ਮੈਂ ਆਖਿਆ ਏਨੀ ਦੇਰ ਤੋਂ ਖਲੋਤੇ ਹੋ ? ਥੱਕ ਗਏ ਹੋਵੋਗੇ। ਮੈਂ ਮਦਦ ਕਰ ਦਿੰਦਾ ਵਾਂ।

ਬਾਬਾ : ਇਸ ਵਿਚ ਮੇਰੀ ਉਮਰ ਭਰ ਦੀ ਕਮਾਈ ਦਾ ਦਸਵੰਧ ਹੈ। ਤੇ ਇਹ ਮੈਂ ਆਪਣੇ ਗੁਰੂ ਦੀ ਭੇਟਾ ਚੜ੍ਹਾਉਣੀ ਹੈ।

ਇਕ : ਔਛਾ ਆਪਣੇ ਹੱਥੀਂ ਚੜ੍ਹਾਉਣੀ ਏ, ਪਹਿਲੇ ਗੁਰੂ ਦੇ ਦਰਸ਼ਨ ਤਾਂ ਕਰੋ। ਫੜਾਉ ਗੰਢ।

ਬਾਬਾ : ਤੂੰ ਭਗਤ ਲਗਦਾ ਏ ਕਿ ਮੇਰੇ ਨਾਲੋਂ ਪਹਿਲਾਂ ਮੇਰੀ ਗੰਢ ਦੇ ਦਰਸ਼ਨ ਕਰਾਉਣਾ ਚਾਹੁੰਦਾ ਏਂ ਆਪਣੇ ਗੁਰੂ ਨੂੰ।

ਇਕ : ਮੈਂ ਤਾਂ ਦੋਵਾਂ ਨੂੰ ਕਰਾਉਣਾ ਚਾਹੁੰਦਾ ਹਾਂ। ਆਵੋ ਚੱਲੋ

ਬਾਬਾ : ਪਹਿਲਾਂ ਇਹ ਦੱਸ ਕਿ ਕੀ ਸਬੂਤ ਏ ਤੇਰੇ ਕੋਲ ਤੇਰੇ ਗੁਰੂ ਦੇ ਗੁਰੂ ਹੋਣ ਦਾ ?

ਇਕ : ਸਬੂਤ ਵੀ ਮਿਲ ਜਾਏਗਾ। ਪਹਿਲੇ ਦਰਸ਼ਨ ਤਾਂ ਕਰੋ। ਫੜਾਉ ਗੰਢ।

ਬਾਬਾ : ਸਮਝ ਗਿਆ, ਸਮਝ ਗਿਆ, ਤੈਨੂੰ ਵੀ ਤੇ ਤੇਰੇ ਗੁਰੂ ਨੂੰ ਵੀ।

ਇਕ : ਜੇ ਸਮਝ ਈ ਗਏ ਓ ਤਾਂ ਆਓ।

ਬਾਬਾ : ਸੁਣ ਜੇਕਰ ਗਿੱਦੜ ਗਲਤੀ ਨਾਲ ਲਲਾਰੀ ਦੇ ਟੱਪ ਵਿਚ ਡਿੱਗ ਕੇ ਨੀਲਾ ਹੋ ਜਾਏ ਤਾਂ ਥੋੜ੍ਹੀ ਦੇਰ ਧੋਖਾ ਦੇ ਸਕਦਾ ਏ, ਪਰ ਜਦੋਂ ਬੋਲੇਗਾ, ਪਰ ਜਦੋਂ ਬੋਲੇਗਾ ਤਾਂ ਉਸਦਾ ਪਾਜ ਖੁੱਲ ਜਾਏਗਾ।

*(ਪਿਛੋਂ ਆਵਾਜ਼, ਲਲਾਰੀ ਦੇ ਮੱਟ ਵਿਚ) (ਪਿਛੋਂ ਆਵਾਜ਼ ਨਾਲ ਠੱਗ ਘਬਰਾਉਂਦਾ ਹੈ ਬਾਵਰਾ ਸਟੇਜ 'ਤੇ ਆਉਂਦਾ ਹੈ।) (ਠੱਗ ਉਹਨੂੰ ਮਾਰਨ ਲਈ ਵਧਦਾ ਹੈ। ਪਰ ਉਹ ਪਿਛੋਂ ਹਟ*

*ਜਾਂਦਾ ਹੈ। ਠੱਗ ਖਿਝਦਾ ਚਲਾ ਜਾਂਦਾ ਹੈ।)*

ਬਾਬਾ : ਗਿਆ।

ਬਾਵਰਾ : ਬਾਬਾ ਜੀ ਇਹਨਾਂ ਦੇ ਚੱਕਰਾਂ ਵਿਚ ਨਾ ਫਸਣਾ।

ਬਾਬਾ : ਓਏ ਮੈਂ ਨਹੀਂ ਫਸਦਾ।

ਬਾਵਰਾ : ਤੁਸੀਂ ਫਸ ਜਾਣਾ ਏਂ।

ਬਾਬਾ : ਨਹੀਂ ਮੈਨੂੰ ਇਹਨਾਂ ਦਾ ਪਤਾ ਹੈ।

ਬਾਵਰਾ : ਤੁਹਾਨੂੰ ਇਹਨਾਂ ਦਾ ਪਤਾ ਹੈ ਤੇ ਮੈਨੂੰ ਤੁਹਾਡਾ, ਗੁਰੂ ਤੁਹਾਨੂੰ ਵੀ ਨਹੀਂ ਲੱਭਣਾ।

ਬਾਬਾ : ਕਿਉਂ ?

ਬਾਵਰਾ : ਕਿਉਂਕਿ ਤੁਹਾਡੀਆ ਅੱਖਾਂ ਸੋਨੇ ਅੱਗੇ ਚੁੰਧਿਆ ਜਾਂਦੀਆਂ ਨੇ, ਵੱਡਿਆਂ ਨੂੰ ਤੁਸੀਂ ਸਲਾਮ ਕਰਦੇ ਹੋ। ਤੇ ਨਿੱਕਿਆਂ ਨੂੰ ਧੱਕੇ ਮਾਰਦੇ ਹੋ। ਤੁਹਾਡੇ ਵਿਚ ਜੁਰਅੱਤ ਨਹੀਂ ਕਿ ਤੁਸੀਂ ਲੂਣ ਨੂੰ ਲੂਣ ਆਖੋਂ। ਇਸ ਲਈ ਤੁਸੀਂ ਜੁੱਤੀਆਂ ਖਾਂਦੇ ਆਏ ਹੋ। ਖਾਂਦੇ ਪਏ ਹੋ, ਤੇ ਖਾਂਦੇ ਰਹੋਗੇ।

*(ਜਾਣ ਲਈ ਮੁੜਦਾ ਹੈ)*

ਬਾਬਾ : ਓਏ ਗਲ ਤਾਂ ਸੁਣ।

ਬਾਵਰਾ : ਗੱਲ ਕੀ ਸੁਣਾਂ, ਤੁਸੀਂ ਜੁੱਤੀਆਂ ਖਾਂਦੇ ਹੀ ਰਹੋਗੇ। (ਚਲਾ ਜਾਂਦਾ ਹੈ)

ਬਾਬਾ : ਠੀਕ ਹੀ ਕਹਿੰਦਾ ਹੈ, ਜੇ ਸੱਚ ਨਾ ਪਛਾਣਿਆ ਤਾਂ ਜੁੱਤੀਆਂ ਖਾਂਦੇ ਆਏ ਆਂ, ਖਾਂਦੇ ਪਏ ਆਂ, ਤੇ ਖਾਂਦੇ ਰਹਾਂਗੇ। ਪਰ ਸੱਚ ਲੱਭੇ ਕਿਥੋਂ ? ਸੱਚ ਲਭਣਾ ਕਿਹੜਾ ਅਸਾਨ ਕੰਮ ਏ।

*(ਦੂਜਾ ਠੱਗ ਸਟੇਜ 'ਤੇ ਦੂਜੇ ਪਾਸੇ ਤੋਂ ਆਉਂਦਾ ਹੈ।)*

ਬਾਬਾ : (ਉਹਨੂੰ ਵੇਖ ਕੇ) ਇਹ ਵੀ ਕੋਈ ਵਿਚੋਲਾ ਈ ਲਗਦਾ ਏ।

ਦੋ : ਬਾਬਾ ਜੀ ਗੁਰੂ ਲੱਭਣ ਆਏ ਹੋ ?

ਬਾਬਾ : ਹਾਂ ਭਗਤਾ ਗੁਰੂ ਲੱਭਣ ਆਇਆ ਹਾਂ

ਦੋ : ਤਾਂ ਫਿਰ ਸਿਆਣੇ ਕਹਿੰਦੇ ਨੇ, ਪਾਣੀ ਪੀਓ ਛਾਣ ਕੇ, ਗੁਰੂ ਕਰੋ ਜਾਣ ਕੇ। ਆਓ ਮੇਰੇ ਨਾਲ ਤੁਹਾਨੂੰ ਗੁਰੂ ਦੇ ਦਰਸ਼ਨ ਕਰਾਵਾਂ।

ਬਾਬਾ : ਤੂੰ ਵੀ ਕਿਸੇ ਗੁਰੂ ਦਾ ਵਿਚੋਲਾ ਏਂ ?

ਦੋ : ਤਾਹੀਓ ਤਾਂ ਆਖ ਰਿਹਾ ਹਾਂ।

ਬਾਬਾ : ਹੱਦ ਹੋ ਗਈ ਏ, ਗੁਰੂ ਲੱਭਦਾ ਨਹੀਂ ਤੇ ਵਿਚੋਲੇ ਹਰਲ ਹਰਲ ਕਰਦੇ ਫਿਰਦੇ ਨੇ। ਤੇਰੇ ਗੁਰੂ ਕਿਸ ਪਰਿਵਾਰ ਵਿਚੋਂ ਨੇ।

ਦੋ : ਤੁਸੀਂ ਪਰਿਵਾਰ ਪੁੱਛ ਕੇ ਕੀ ਲੈਣਾ ਏਂ ? ਤੁਸੀਂ ਅੰਬ ਖਾਣੇ ਆਂ ਕਿ ਗਿਟਕਾਂ ਗਿਣਨੀਆਂ ਨੇ।

ਬਾਬਾ : ਬਈ ਆਪੇ ਹੀ ਤੇ ਆਖਦਾ ਏਂ ਕਿ ਗੁਰੂ ਕਰੋ ਜਾਣ ਕੇ ਤੇ ਪਾਣੀ ਪੀਓ ਛਾਣ ਕੇ, ਹੁਣ ਛਾਨਣ ਲੱਗਾ ਹਾਂ ਤਾਂ ਤੈਨੂੰ ਤਕਲੀਫ਼ ਹੋ ਗਈ। ਉਂਝ ਤੇਰੀ ਛਾਨਣੀ ਹੋਰ ਤੇ ਸਾਡੀ ਛਾਨਣੀ ਹੋਰ ?

ਦੋ : ਤੁਸੀਂ ਬਾਬਾ ਜੀ ਛਾਨਣੀਆਂ ਦੇ ਚੱਕਰਾਂ ਵਿਚ ਨਾ ਪਓ, ਸਾਡੇ ਗੁਰੂ ਦੀ ਛਾਨਣੀ ਜਿਥੇ ਜਿਥੇ ਫਿਰ ਗਈ, ਉਥੇ ਕਲਿਆਣ ਹੋ ਗਿਆ, ਆਓ ਮੇਰੇ ਗੁਰੂ ਦਾ ਜਲੌਅ ਵੇਖੋ।

ਬਾਬਾ : ਓ ਸਭ ਸਮਝ ਗਿਆ ਤੇ ਸੁਣ ਇਹ ਗੁਰ ਗੱਦੀ ਏ, ਕੋਈ ਰਾਜ ਗੱਦੀ ਨਹੀਂ ਕਿ ਜਿਹੜਾ ਮਰਜ਼ੀ ਬੈਠ ਗਿਆ, ਇਥੇ ਬਹਿਣ ਲਈ ਮਨ ਦੀ ਸਾਧਨਾ ਕਰਨੀ ਪੈਂਦੀ ਏ, ਸਰੀਰ ਦੇ ਪੰਜੇ ਚੋਰ, ਕਾਮ, ਕਰੋਧ, ਮੋਹ, ਲੋਭ, ਹੰਕਾਰ ਸਭ ਵਸ 'ਚ ਕਰਨੇ ਪੈਂਦੇ ਨੇ, ਮੈਂ ਤੈਨੂੰ ਵੀ ਪਛਾਣ ਲਿਆ ਏ ਤੇ ਤੇਰੇ ਗੁਰੂ ਨੂੰ ਵੀ। ਲਸਣ ਭਾਵੇਂ ਦੂਰ ਬਹਿ ਕੇ ਖਾਈਏ, ਉਹਦੀ ਦੁਰਗੰਧ ਦੂਰੋਂ ਹੀ ਪਛਾਣੀ ਜਾਂਦੀ ਏ।

ਪਿਛੋਂ ਆਵਾਜ਼ : ਲਸਣ ਲੁਕਾਇਆ ਨਾ ਲੁਕੈ–ਬਹਿ ਖਾਜੈ ਕੂਣੇ। ਕਾਲਾ ਕੰਬਲੁ ਉਜਲਾ, ਕਿਉਂ ਧੋਇ ਸਬੂਣੇ।

*(ਠੱਗ ਦੋ ਆਵਾਜ਼ ਨਾਲ ਭੈਭੀਤ ਹੋ ਜਾਂਦਾ ਏ। ਬਾਬਾ ਇਕ ਪਾਸੇ ਖਲੋ ਜਾਂਦਾ ਹੈ, ਠੱਗ ਇਕ ਵੀ ਆਉਂਦਾ ਹੈ)*

ਇਕ : ਕਿਉਂ ਭਗਤਾ ਕਰਵਾ ਦਿੱਤੇ ਨੇ ਬਾਬੇ ਨੂੰ ਗੁਰਾਂ ਦੇ ਦਰਸ਼ਨ ?

ਦੋ : ਬਾਬਾ ਤਾਂ ਕੋਈ ਖਬਤੀ ਏ। ਜੇ ਖਬਤੀ ਨਾ ਹੁੰਦਾ ਤਾਂ ਇਥੇ ਕਿਉਂ ਆਉਂਦਾ ?

ਇਕ : ਘਰ ਖਾਂਦਾ ਹੋਣਾ ਏ ਨੂੰਹਾਂ ਪੁੱਤਾਂ ਦਾ ਸਿਰ, ਉਹਨਾਂ ਨੇ ਮਗਰੋਂ ਲਾਉਣ ਲਈ ਕਿਹਾ ਕਿ ਜਾ ਬਾਬਾ ਜਾ ਕੇ ਗੁਰੂ ਦੇ ਦਰਸ਼ਨ ਕਰ ਆ।

ਦੋ : ਇਹੋ ਜਿਹੇ ਬਾਬਿਆਂ ਬਾਰੇ ਸਿਆਣਿਆਂ ਨੇ ਆਖਿਆ ਏ।
ਤੀਹ ਬਾਬੇ ਦੇ ਪੋਤਰੇ ਤੇ ਚਾਲੀ ਬਾਬੇ ਦੇ ਦੋਹਤਰੇ।
ਪਰ ਬਾਬਾ ਹਾਲੀ ਵੀ ਘਾਹ ਖੋਤਰੇ। ਅਖੇ ਤੁਹਾਡਾ ਗੁਰੂ, ਗੁਰੂ ਹੀ ਨਹੀਂ।

ਇਕ : ਜੇ ਉਲੂ ਦਿਨੇ ਨਾ ਵੇਖੇ ਤਾਂ ਇਹਦਾ ਮਤਲਬ ਇਹ ਨਹੀਂ ਕਿ ਸੂਰਜ ਨਹੀਂ ਚੜ੍ਹਿਆ।

ਦੋ : ਊਠ ਭਾਵੇਂ ਬੁੱਢਾ ਹੋ ਜਾਵੇ, ਉਹਨੂੰ ਮੂਤਣਾ ਨਹੀਂ ਆਉਂਦਾ।

ਇਕ : ਗੰਢ ਤਾਂ ਇੰਝ ਕੱਛੇ ਮਾਰੀ ਏ, ਜਿਵੇਂ ਕੋਈ ਦੌਲਤ ਬੰਨੀ ਹੋਵੇ।

ਦੋ : ਦੌਲਤ ਕੀ ਹੋਣੀ ਏ, ਬੰਨ ਦਿੱਤੀਆਂ ਹੋਣੀਆਂ ਨੇ ਨੂੰਹਾਂ ਨੇ ਮਿੱਸੀਆਂ ਰੋਟੀਆਂ ਅਖੋ ਜਾਂ ਬਾਬਾ ਨਾਲੇ ਗੁਰੂ ਦੇ ਦਰਸ਼ਨ ਕਰ ਆਂਵੀ ਤੇ ਖਾਂਦਾ ਰਹੀ ਕੁਤਰ ਕੁਤਰ ਕੇ।

ਇਕ : ਓਏ ਨਹੀਂ, ਬਾਬੇ ਦੀ ਬੁਢੀ ਨੇ ਚੂਰੀ ਕੁੱਟ ਕੇ ਬੰਨ੍ਹੀ ਹੋਣੀ ਏਂ।

ਦੋ : ਆਹੋ ਬਾਬਾ ਕਿਹੜਾ ਰਾਂਝੇ ਨਾਲੋਂ ਘੱਟ ਏ।

ਇਕੱਠੇ : ਕਿਉਂ ਬਾਬਾ ?

ਇਕ : ਕਹਿੰਦਾ ਏ ਗੁਰੂ ਉਹ ਜਿੰਨੇ ਸਰੀਰ ਦੇ ਪੰਜੇ ਚੋਰ ਵੱਸ ਕੀਤੇ ਹੋਣ।

ਦੋ : ਇਥੇ ਇਕ ਵਸ ਨਹੀਂ ਹੁੰਦਾ, ਬਾਬਾ ਜੀ ਪੰਜ ਵਸ ਕਰਨ ਨੂੰ ਫਿਰਦੇ ਨੇ।

ਇਕ : ਬਾਬੇ ਨੇ ਵਸ ਕੀਤੇ ਹੋਣੇ ਨੇ, ਜਿਸ ਤਰ੍ਹਾਂ ਗੰਢ ਵਸ ਕੀਤੀ ਏ।

ਦੋ : ਬਾਬੇ ਨੇ ਕੀ ਵਸ ਕਰਨਾ, ਬਾਬੇ ਊਈਂ ਬਸ ਹੋਈ ਏ।

ਇਕ : ਆਹੋ ਹੁਣ ਵਸ ਕਰੇ ਜਾਂ ਖੁੱਲਾ ਛੱਡ ਦਏ, ਗਲ ਤਾਂ ਇਕ ਹੀ ਹੈ।

ਦੋ : ਆਹੋ ਗੰਜੀ ਵਾਹਵੇ ਕੀ ਤੇ ਗੁੰਦੇ ਕੀ ?

ਇਕੱਠੇ : ਕਿਉਂ ਬਾਬਾ ?

ਬਾਬਾ : (ਗੁੱਸੇ ਵਿਚ) ਜਾਓ ਓਏ ਲੁਚਿਓ ਕਿਉਂ ਧਰਤੀ 'ਤੇ ਭਾਰ ਬਣੇ ਫਿਰਦੇ ਹੋ।

ਇਕ : (ਜਾਂਦੇ ਹੋਏ) ਲੈ ਨਾਲੇ ਬਾਬੇ ਨੂੰ ਗੁਰੂ ਨਾਲ ਮਿਲਾਉਂਦੇ ਆਂ।

ਦੋ : ਨਾਲੇ ਭਾਰ ਦਸਦਾ ਈ।

ਇਕ : ਸਾਨੂੰ ਕੀ ਐਵੇਂ ਹੀ ਭਟਕਦਾ ਰਹੇਂਗਾ।

ਦੋ : ਇਹਦੀ ਕਿਸਮਤ ਹੀ ਇਹੋ ਹੈ। (ਚਲੇ ਜਾਂਦੇ ਨੇ)

ਬਾਬਾ : ਅਜੀਬ ਜ਼ਮਾਨਾ ਆ ਗਿਆ ਏ, ਨਾਲੇ ਠੱਗ ਠੱਗੀਆਂ ਕਰਦੇ ਨੇ ਤੇ ਨਾਲੇ ਸਾਊ ਬੰਦਿਆਂ ਨੂੰ ਟਿੱਚਰਾਂ-ਐ ਮੇਰੇ ਗੁਰੂ ਤੂੰ ਕਿਥੇ ਐਂ, ਕਿਉਂ ਨਹੀਂ ਆਪਣੇ ਲੋਕਾਂ ਨੂੰ ਇਹਨਾਂ ਠੱਗਾਂ ਤੋਂ ਬਚਾਉਂਦਾ।ਅੱਗੇ ਮੱਖਣ ਸ਼ਾਹ ਵਿਚਾਰਾ ਆਪਣਾ ਦਸਵੰਧ ਲੈ ਕੇ ਆਇਆ ਏ, ਉਹਨੂੰ ਗੁਰੂ ਨਹੀਂ ਪਿਆ ਲੱਭਦਾ।

*(ਪਿਛੋਂ ਆਵਾਜ਼, ਗੁਰ ਲਾਧੋ ਰੇ, ਗੁਰ ਲਾਧੋ ਰੇ, ਗੁਰ ਲਾਧੋ ਰੇ)*

ਬਾਬਾ : ਗੁਰ ਲਾਧੋ ਰੇ, ਲਾਧੋ ਰੇ। (ਇਧਰ ਓਧਰ ਵੇਖਦਾ ਹੈ)

ਬਾਵਰਾ : (ਸਟੇਜ 'ਤੇ ਆਉਂਦਾ ਹੈ।) ਬਾਬਾ ਜੀ, ਬਾਬਾ ਜੀ, ਗੁਰੂ ਲੱਭ ਪਿਆ, ਸੱਚਾ ਗੁਰੂ ਲੱਭ ਪਿਆ।

ਬਾਬਾ : ਸੱਚਾ ਗੁਰੂ ਲੱਭ ਪਿਆ ?

ਬਾਵਰਾ : ਹਾਂ ਸੱਚਾ ਗੁਰੂ ਲੱਭ ਪਿਆ। ਮੱਖਣ ਸ਼ਾਹ ਲੁਭਾਣਾ ਨੇ, ਸੱਚਾ ਗੁਰੂ

ਲੱਭ ਲਿਆ। ਉਹ ਦਸਵੰਧ ਲੈ ਕੇ ਆਇਆ, ਉਸ ਨੂੰ ਗੁਰੂ ਹੀ ਨਾ ਲੱਭੇ, ਫੇਰ ਕਿਸੇ ਨੇ ਦੱਸ ਪਾਈ ਕਿ ਤੇਗਾ ਨਾਂ ਦਾ ਸੰਤ ਉਸ ਭੋਰੇ ਵਿਚ ਤੱਪ ਕਰਦਾ ਏ, ਮੱਖਣ ਸ਼ਾਹ ਲੁਭਾਣਾ ਉਥੇ ਗਿਆ ਤਾਂ ਗੁਰੂ ਜੀ ਨੂੰ ਉਹਨੇ ਪਛਾਣ ਲਿਆ ਤੇ ਉਹਨੂੰ ਗੁਰੂ ਜੀ ਨੇ। ਇਹ ਵੇਖ, ਗੁਰੂ ਜੀ ਨੇ ਮੈਨੂੰ ਚਾਦਰ ਦਿੱਤੀ ਏ। ਮੈਨੂੰ ਪਾਲਾ ਲਗਦਾ ਸੀ, ਹੁਣ ਨਹੀਂ ਲੱਗਦਾ।

ਬਾਬਾ : ਤੇਗਾ, ਉਹਨਾਂ ਨੇ ਤੈਨੂੰ ਚਾਦਰ ਦਿੱਤੀ ਏ, ਅੱਗੇ ਤੈਨੂੰ ਪਾਲਾ ਲੱਗਦਾ ਸੀ, ਹੁਣ ਨਹੀਂ ਲੱਗਦਾ ਤਾਂ ਫੇਰ ਉਹ ਤੇਗ ਬਹਾਦਰ ਹੀ ਹੈ। ਮੇਰੇ ਛੇਵੇਂ ਪਾਤਸ਼ਾਹ ਦਾ ਛੋਟਾ ਸਾਹਿਬਜ਼ਾਦਾ, ਨਿੱਕਾ ਜਿਹਾ ਹੁੰਦਾ ਸੀ ਤਾਂ ਭਰਾ ਦੀ ਜੰਞ ਨਾਲ ਜਾਂਦਿਆਂ ਇਕ ਗਰੀਬ ਨੰਗੇ ਬੰਦੇ ਨੂੰ ਵੇਖ, ਆਪਣੇ ਵਸਤਰ ਲਾਹ ਕੇ ਉਹਨੂੰ ਦੇ ਦਿੱਤੇ, ਕਿਉਂਕਿ ਉਹਨੂੰ ਪਾਲਾ ਲਗਦਾ ਸੀ ਤੇ ਮਾਂ ਨੇ ਪਿਆਰ ਨਾਲ ਕਿਹਾ ਸੀ ਤੂੰ ਤੇਗ ਰਾਜ ਨਹੀਂ ਤਿਆਗ ਰਾਜ ਏਂ-ਹਾਂ ਭਗਤਾਂ ਨੂੰ ਗੁਰੂ ਲੱਭ ਪਿਆ। ਸੱਚਾ ਗੁਰੂ ਉਹੀਏ ਜੋ ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝੇ। ਸੱਚਾ ਆਗੂ ਉਹ ਵੇ ਜੋ ਲੋਕਾਂ ਦੇ ਗ਼ਮ ਨੂੰ ਆਪਣਾ ਗ਼ਮ ਸਮਝੇ। ਆ ਗੁਰੂ ਦੇ ਦਰਸ਼ਨ ਕਰੀਏ।

*(ਦੋਵੇਂ ਤੁਰਦੇ ਹਨ। ਮੰਚ 'ਤੇ ਹਨ੍ਹੇਰਾ ਹੁੰਦਾ ਹੈ। ਦੂਰੋਂ ਆਵਾਜ਼ਾਂ ਆਉਂਦੀਆਂ ਨੇ। ਗੁਰੂ ਲਾਧੋ ਰੇ, ਗੁਰੂ ਲਾਧੋ ਰੇ।)*